# ਅੰਡਾਮਾਨ ਦਾ ਸਫ਼ਰਨਾਮਾ



ਬਲਜਿੰਦਰ ਨਸਰਾਲੀ

# ਅੰਡਾਮਾਨ ਦਾ ਸਫ਼ਰਨਾਮਾ

**ਲੇਖਕ ਦੀਆਂ ਹੋਰ ਪੁਸਤਕਾਂ**

| | |
|---|---|
| –ਹਾਰੇ ਦੀ ਅੱਗ | (ਨਾਵਲ) |
| –ਵੀਹਵੀਂ ਸਦੀ ਦੀ ਆਖਰੀ ਕਥਾ | (ਨਾਵਲ) |
| –ਡਾਕਖਾਨਾ ਖਾਸ | (ਕਹਾਣੀ ਸੰਗ੍ਰਹਿ) |
| –ਔਰਤ ਦੀ ਸ਼ਰਨ ਵਿੱਚ | (ਕਹਾਣੀ ਸੰਗ੍ਰਹਿ) |

# ਅੰਡਾਮਾਨ ਦਾ ਸ.ਫਰਨਾਮਾ

**ਬਲਜਿੰਦਰ ਨਸਰਾਲੀ**

ਅੰਡਾਮਾਨ ਦਾ ਸਫ਼ਰਨਾਮਾਪੰਜਾਬੀ ਦੇ ਸਫ਼ਲ ਸਫ਼ਰਨਾਮਾ ਲੇਖਕ
ਆਪਣੇ ਅਧਿਆਪਕ ਤੇ ਮਿੱਤਰ
ਡਾ. ਬਲਦੇਵ ਸਿੰਘ ਧਾਲੀਵਾਲ
ਜੀ ਨੂੰ

ਕਿਸ਼ਤ - 1

# ਭਾਰਤ ਦੀ ਅਜਬ-ਗਜਬ ਧਰਤੀ : ਅੰਡਾਮਾਨ-ਨਿਕੋਬਾਰ

ਚੇਨੱਈ ਦੀ ਏਅਰਪੋਰਟ ਤੋਂ ਦੌੜਦਾ ਹੋਇਆ ਏਅਰ ਇੰਡੀਆ ਦਾ ਜਹਾਜ਼ ਸਕਿੰਟਾਂ ਵਿੱਚ ਹੀ ਅਸਮਾਨ ਵਿੱਚ ਜਾ ਪਹੁੰਚਿਆ। ਹੇਠਾਂ ਚੇਨੱਈ ਸ਼ਹਿਰ ਦੀਆਂ ਇਮਾਰਤਾਂ ਅਤੇ ਸੜਕਾਂ ਦਿਖਾਈ ਦੇ ਰਹੀਆਂ ਸਨ। ਸਭ ਤੋਂ ਖ਼ੂਬਸੂਰਤ ਨਜ਼ਾਰਾ ਚੇਨੱਈ ਦੀ ਵਿਸ਼ਵ ਪ੍ਰਸਿੱਧ ਮੈਰੀਨਾ ਬੀਚ ਦਾ ਸੀ। ਬੰਗਾਲ ਦੀ ਖਾੜੀ ਦੀਆਂ ਲਹਿਰਾਂ ਦੂਰ ਤੱਕ ਫੈਲੀ ਲੰਮੀ ਬੀਚ ਨਾਲ ਟਕਰਾ ਰਹੀਆਂ ਸਨ। ਹਵਾਈ ਜਹਾਜ਼ ਵਿਚੋਂ ਭਾਰਤ ਦੇ ਇਸ ਦੱਖਣੀ-ਪੂਰਬੀ ਕਿਨਾਰੇ ਨੂੰ ਵੇਖਣਾ ਖ਼ੂਬਸੂਰਤ ਅਨੁਭਵ ਸੀ।

ਚੇਨੱਈ ਵਿਚਲੇ ਆਪਣੇ ਛੋਟੇ ਜਿਹੇ ਠਹਿਰਾਅ ਦੌਰਾਨ ਮੈਂ ਮੈਰੀਨਾ ਬੀਚ ਦਾ ਇਕ ਗੇੜਾ ਲਗਾ ਚੁਕਾ ਸੀ। ਮੈਨੂੰ ਅਫਸੋਸ ਹੋਇਆ ਸੀ ਕਿ ਸਫ਼ਾਈ ਅਤੇ ਪ੍ਰਬੰਧ ਦੇ ਪੱਖ ਤੋਂ ਤਾਮਿਲ ਲੋਕ ਵੀ ਇਸ ਜਗ੍ਹਾ ਫਾਡੀ ਸਿੱਧ ਹੋਏ ਸਨ। ਬਹੁਤ ਸਾਰੇ ਪੱਛਮੀ ਯਾਤਰੀਆਂ ਸੰਗ ਖੜ੍ਹਾ ਮੈਂ ਇਸ ਬੀਚ ਦੇ ਵਿਸ਼ਾਲ ਆਕਾਰ ਦੀ ਖ਼ੂਬਸੂਰਤੀ ਨੂੰ ਮਾਣ ਰਿਹਾ ਸੀ ਪਰ ਨਾਲ ਦੀ ਨਾਲ ਮੈਨੂੰ ਭਾਰਤੀ ਹੋਣ ਸਦਕਾ ਸ਼ਰਮ ਵੀ ਆ ਰਹੀ ਸੀ। ਹੋਟਲ ਵਾਪਸ ਆ ਕੇ ਮੈਂ ਮੈਨੇਜਰ ਦੇ ਕੈਬਿਨ ਵਿੱਚ ਆਕੇ ਆਪਣੇ ਅਨੁਭਵ ਸਾਂਝੇ ਕੀਤੇ। ਮੈਨੇਜਰ ਨੇ ਇਸ ਦਾ ਦੋਸ਼ ਸਰਕਾਰਾਂ ਸਿਰ ਮੜ੍ਹ ਦਿੱਤਾ। ਤਾਮਿਲਨਾਡੂ ਵਿੱਚ ਫਿਲਮਾਂ ਵਿਚੋਂ ਸੇਵਾ-ਮੁਕਤ ਹੋਏ ਲੋਕ ਰਾਜਨੀਤਿਕ ਪਾਰਟੀਆਂ ਚਲਾਉਂਦੇ ਹਨ। ਉਨ੍ਹਾਂ ਕੋਲ ਰਾਜਨੀਤਿਕ ਤੌਰ ’ਤੇ ਪਰਿਪੱਕ ਲੋਕਾਂ ਦੀ ਥਾਂ ਸਾਰ ਉਮਰ ਦੌਰਾਨ ਕਮਾਏ ਗਲੈਮਰ ਦੇ ਸਿਰ ਤੇ ਰਾਜਨੀਤਿਕ ਤਾਕਤ ਭੋਗਣ ਵਾਲੇ ਲੋਕਾਂ ਦੀ ਰਾਜਨੀਤਿਕ ਜਮਾਤ ਹੈ।